# ਮਹਾਂਕਵੀ ਕਾਲੀਦਾਸ (ਪ੍ਰੋ.ਪਿਆਰਾ ਸਿੰਘ ਪਦਮ)

ਪ੍ਰਸ਼ਨ:- 'ਪ੍ਰੋ.ਪਿਆਰਾ ਸਿੰਘ ਪਦਮ' ਦੀ ਰਚਨਾ 'ਮਹਾਂਕਵੀ ਕਾਲੀਦਾਸ'ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

ਉੱਤਰ:-ਕਿਸੇ ਹਿੰਦੋਸਤਾਨੀ ਕਲਾਕਾਰ ਅਨੁਸਾਰ ਕਵਿਤਾ ਮਹਾਂਕਵੀ ਕਾਲੀਦਾਸ ਦੀ ਪ੍ਰੀਤਮਾ ਸੀ ਤੇ ਦੋਹਾਂ ਦੀ ਅਜਿਹੀ ਪ੍ਰੇਮ-ਜੋੜੀ ਬਣੀ ਕਿ ਦੋਵੇਂ ਹੀ ਅਮਰ ਹੋ ਗਏ।ਕਾਲੀਦਾਸ ਦੇ ਮਾਤਾ-ਪਿਤਾ, ਥਾਂ ਟਿਕਾਣੇ ਤੇ ਧਰਮ-ਜਾਤੀ ਦੇ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ।ਖੋਜੀਆਂ ਅਨੁਸਾਰ ਉਹ ਈਸਾ ਤੋਂ 56 ਸਾਲ ਪਹਿਲਾ ਹੋਏ ਬਾਦਸ਼ਾਹ ਬਿਕ੍ਰਮਾਜੀਤ ਪਹਿਲੇ ਦੇ ਨੌ ਦਰਬਾਰੀ ਰਤਨਾਂ ਵਿੱਚ ਸ਼ਾਮਿਲ ਸੀ।ਉਸਦੇ ਲਿਖੇ ਚਾਰ ਕਾਵਯ-ਰਘੂਵੰਸ਼, ਕੁਮਾਰ ਸੰਭਵ, ਰਿਤੂ ਸਹਾਰ ਤੇ ਮੇਘਦੂਤ ਅਤੇ ਤਿੰਨ ਨਾਟਕ-ਅਭਿਗਯਾਨ ਸ਼ਕੁੰਤਲਾ, ਵਿਕ੍ਰਮੋਰਵਸ਼ੀ ਅਤੇ ਮਾਲਵਿਕਾਗਨਿਮ੍ਰਿਤ ਪ੍ਰਸਿੱਧ ਹਨ।ਉਸਦੇ ਨਾਂ ਤੇ ਕੁਝ 15 ਪੁਸਤਕਾਂ ਹੋਰ ਵੀ ਜੋੜੀਆਂ ਜਾਂਦੀਆਂ ਹਨ, ਜਿਨ੍ਹਾਂ ਦੀ ਪ੍ਰਮਾਣਿਕਤਾ ਸਿੱਧ ਨਹੀਂ ਹੋ ਸਕੀ।।ਉਸਦੇ ਨਾਟਕ ਭਾਰਤੀ ਨਾਟ ਪਰੰਪਰਾ ਅਨੁਸਾਰ ਸੁਖਾਂਤ ਹਨ।ਉਸਦੀ ਕਵਿਤਾ ਕੱਚਾ ਦੁੱਧ ਹੈ, ਜੋ ਚਮਤਕਾਰਾਂ, ਉਪਮਾਵਾਂ, ਕਟਾਖਸ਼, ਸੁੰਦਰ ਸਬਦਾਵਲੀ ਤੇ ਸੰਕੇਤਕ ਬਿਆਨ ਨਾਲ ਭਰਪੂਰ ਹੈ।ਪੂਰਬੀ ਲੋਕ ਉਸਦਾ ਨਾਂ ਕਵਿਤਾ ਦਾ ਸਭ ਤੋ ਉੱਚਾ ਮਿਆਰ ਦੱਸਣ ਲਈ ਵਰਤਦੇ ਹਨ ਤੇ ਪੱਛਮੀ ਲੋਕ ਉਸਨੂੰ ਹਿੰਦੋਸਤਾਨ ਦਾ ਸ਼ੈਕਸ਼ਪੀਅਰ ਕਹਿੰਦੇ ਹਨ।

## ਅਭਿਆਸੀ ਪ੍ਰਸ਼ਨ-ਉੱਤਰ

ਪ੍ਰਸ਼ਨ:-ਕਾਲੀਦਾਸ ਕੌਣ ਸੀ ? ਉਸਨੂੰ ਇੰਨੀ ਪ੍ਰਸਿੱਧੀ ਕਿਉਂ ਮਿਲੀ?

ਉੱਤਰ 1 ਕਾਲੀਦਾਸ ਦੇ ਮਾਤਾ-ਪਿਤਾ ,ਥਾਂ ਟਿਕਾਣੇ ਤੇ ਧਰਮ-ਜਾਤੀ ਦੇ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ।ਖੋਜੀਆਂ ਅਨੁਸਾਰ ਉਹ ਈਸਾ ਤੋਂ 56 ਸਾਲ ਪਹਿਲਾ ਹੋਏ ਬਾਦਸ਼ਾਹ ਬਿਕ੍ਰਮਾਜੀਤ ਪਹਿਲੇ ਦੇ ਨੌ ਦਰਬਾਰੀ ਰਤਨਾਂ ਵਿੱਚ ਸ਼ਾਮਿਲ ਸੀ।ਉਸਨੂੰ ਆਪਣੀਆਂ ਕਾਵਿ ਰਚਨਾਵਾਂ ਅਤੇ ਨਾਟਕਾਂ ਕਾਰਨ ਪ੍ਰਸਿੱਧੀ ਮਿਲੀ।

ਪ੍ਰਸ਼ਨ:-ਬਿਕ੍ਰਮੀ ਸੰਪਤ ਕਦੋਂ ਅਤੇ ਕਿਹੜੇ ਬਾਦਸ਼ਾਹ ਦੇ ਨਾਂ ਤੋਂ ਸ਼ੁਰੂ ਹੋਇਆ?

ਉੱਤਰ:-ਬਿਕ੍ਰਮੀ ਸੰਮਤ ਪਹਿਲੀ ਈ. ਸਦੀ ਤੌ 56 ਵਰ੍ਹੇ ਪਹਿਲਾ ਹੋਏ ਉਜੈਨ ਦੇ ਬਾਦਸ਼ਾਹ ਬਿਕ੍ਰਮਾਜੀਤ ਦੇ ਨਾਂ ਤੇ ਸ਼ੁਰੂ ਹੋਇਆ।

ਪ੍ਰਸ਼ਨ:-ਕਾਲੀਦਾਸ ਨੂੰ ਹਰ ਪ੍ਰਾਂਤ ਤੇ ਹਰ ਜਾਤੀ ਦੇ ਲੋਕ ਆਪਣਾ ਕਿਉਂ ਦੱਸਦੇ ਹਨ?

ਉੱਤਰ:-ਕਾਲੀਦਾਸ ਇੱਕ ਉੱਚ ਕੋਟੀ ਦਾ ਸਾਹਿਤਕਾਰ ਸੀ।ਉਸਨੂੰ ਹਰ ਪ੍ਰਾਂਤ ਤੇ ਹਰ ਜਾਤੀ ਦੇ ਲੋਕ ਆਪਣਾ ਇਸ ਕਰਕੇ ਦੱਸਦੇ ਹਨ,ਕਿਉਂਕਿ ਉਹ ਆਪਣੀ ਕਾਵਿ ਸੁੰਦਰਤਾ ਕਰਕੇ ਸਭ ਨੂੰ ਪਿਆਰਾ ਲੱਗਦਾ ਸੀ।

ਪ੍ਰਸ਼ਨ:-ਮਹਾਂਕਵੀ ਕਾਲੀਦਾਸ ਦੀਆਂ ਪ੍ਰਸਿੱਧ ਰਚਨਾਵਾਂ ਬਾਰੇ ਸੰਖੇਪ ਵਿੱਚ ਲਿਖੋ।

ਉੱਤਰ:-ਮਹਾਂਕਵੀ ਕਾਲੀਦਾਸ ਨੇ ਚਾਰ ਕਾਵਿ ਰਚਨਾਵਾਂ ਲਿਖੀਆਂ-ਰਘੂਵੰਸ਼,ਕੁਮਾਰ ਸੰਭਵ,ਰਿਤੂ ਸਹਾਰ ਤੇ ਮੇਘਦੂਤ।ਇਨ੍ਹਾਂ ਤੌ ਇਲਾਵਾ ਤਿੰਨ ਨਾਟ-ਰਚਨਾਵਾਂ ਵੀ ਲਿਖੀਆਂ-ਅਭਿਗਯਾਨ ਸਕੁੰਤਲਾ,ਵਿਕ੍ਰਮੋਰਵਸੀ ਅਤੇ ਮਾਲਵਿਕਾਗਨਿਮ੍ਰਿਤ।

ਪ੍ਰਸ਼ਨ:-ਕਵੀ ਨੇ 'ਮੇਘਦੂਤ' ਰਚਨਾ 'ਚ ਮੇਘ ਨੂੰ ਕੀ ਤਾਕੀਦ ਕੀਤੀ?

ਉੱਤਰ:- ਕਵੀ ਨੇ ਮੇਘਦੂਤ ਨੂੰ ਤਾਕੀਦ ਕੀਤੀ ਕਿ ਉਹ ਅਲਕਾਪੁਰੀ ਤੋਂ ਪਹਿਲਾਂ ਕਿਤੇ ਨਾ ਰੁਕੇ।ਉਹ ਜਾਂਦਾ-ਜਾਂਦਾ ਨਦੀਆਂ ਦੇ ਪਾਣੀ ਪੀਂਦਾ ਜਾਵੇ ਤੇ ਉਸਦੀ ਪਤਨੀ ਦੇ ਦੇਸ਼ ਜਰੂਰ ਪਹੁੰਚੇ। ਉੱਥੇ ਉਸਦੀ ਪ੍ਰੀਤਮਾ ਉਸਦੇ ਸੰਦੇਸ਼ ਨੂੰ ਸੁਣਨ ਲਈ ਉਡੀਕ ਵਿੱਚ ਖੜੀ ਹੋਵੇਗੀ।

ਪ੍ਰਸ਼ਨ:-ਸ਼ਕੁੰਤਲਾ ਕੌਣ ਸੀ?ਉਸ ਦਾ ਦੁਸ਼ਯੰਤ ਨਾਲ ਦੁਬਾਰਾ ਮਿਲਾਪ ਕਿਵੇਂ ਹੋਇਆ?

ਉੱਤਰ:-ਸ਼ਕੁੰਤਲਾ ਜੰਗਲ ਵਿੱਚ ਰਹਿੰਦੇ ਰਿਸ਼ੀਆਂ ਦੀ ਧੀ ਸੀ। ਉਸਦਾ ਸਹਿਜ਼ਾਦੇ ਦੁਸ਼ਯੰਤ ਨਾਲ ਮਿਲਾਪ ਹੁੰਦਾ ਹੈ ਪਰ ਦੁਰਵਾਸ਼ਾ ਰਿਸ਼ੀ ਦੇ ਸਰਾਪ ਕਾਰਨ ਉਸ ਤੋਂ ਨਿਸ਼ਾਨੀ ਵਾਲੀ ਮੁੰਦਰੀ ਗੁਆਚ ਜਾਂਦੀ ਹੈ ਤੇ ਉਹ ਉਸਨੂੰ ਭੁੱਲ ਜਾਂਦਾ ਹੈ।ਅੰਤ ਮੁੰਦਰੀ ਨੂੰ ਮੱਛੀ ਦੁਆਰਾ ਖਾਣ ਤੇ ਫੜੇ ਜਾਣ ਮਗਰੋਂ ਉਹ ਦੁਸਯੰਤ ਕੋਲ ਪਹੁੰਚਦੀ ਹੈ ।ਉਸਨੂੰ ਸਕੁੰਤਲਾ ਯਾਦ ਆ ਜਾਂਦੀ ਹੈ ਤੇ ਇਸ ਤਰ੍ਹਾਂ ਉਹਨਾਂ ਦਾ ਮਿਲਾਪ ਹੋ ਜਾਂਦਾ ਹੈ।

ਪ੍ਰਸ਼ਨ:-ਅਨਾਮਕਾ ਤੋਂ ਕੀ ਭਾਵ ਹੈ? ਇਸ ਬਾਰੇ ਕਿਹੜੀ ਰਚਨਾ ਪ੍ਰਚਲਿਤ ਹੈ?

ਉੱਤਰ:-ਅਨਾਮਕਾ ਤੋਂ ਭਾਵ ਉਸਦਾ ਕੋਈ ਨਾਂ ਨਹੀਂ, ਥਾਂ ਨਹੀਂ।ਅਨਾਮਕਾ ਬਾਰੇ ਪ੍ਰਸਿੱਧ ਹੈ ਕਿ ਜਦੋ ਕਵੀਆਂ ਦੀ ਗਿਣਤੀ ਕਰਨ ਲੱਗਿਆ ਪਹਿਲੀ ਚੀਚੀ ਤੇ ਕਾਲੀਦਾਸ ਦਾ ਨਾਮ ਗਿਣਿਆ ਤਾਂ ਅੱਗੇ ਨਾਮ ਲੈਣ ਲਈ ਕਾਲੀਦਾਸ ਦੇ ਬਰਾਬਰ ਦਾ ਹੋਰ ਕੋਈ ਕਵੀ ਨਾ ਮਿਲਿਆ ਤਾਂ ਅਗਲੀ ਉਂਗਲ ਦਾ ਨਾਂ ਅਨਾਮਕਾ ਪੈ ਗਿਆ।

ਪ੍ਰਸ਼ਨ:-ਪੂਰਬ ਅਤੇ ਪੱਛਮ ਵਾਲੇ ਕਾਲੀਦਾਸ ਦੀ ਪ੍ਰਤਿਭਾ ਦਾ ਮਾਪ ਕਿਵੇਂ ਕਰਦੇ ਹਨ?

ਉੱਤਰ:-ਪੂਰਬ ਦੇ ਲੋਕ ਕਾਲੀਦਾਸ ਦਾ ਨਾਂ ਕਵਿਤਾ ਦਾ ਸਭ ਤੋਂ ਉੱਚ ਮਿਆਰ ਵਾਲਾ ਕਵੀ ਦੱਸਣ ਲਈ ਵਰਤਦੇ ਹਨ ਅਤੇ ਪੱਛਮ ਵਾਲੇ ਉਸਨੂੰ ਹਿੰਦੋਸਤਾਨ ਦਾ ਸ਼ੈਕਸਪੀਅਰ ਕਹਿੰਦੇ ਹਨ ਕਿਉਂਕਿ ਉਹਨਾਂ ਕੋਲ ਸਰਵਉੱਚ ਨਾਟਕਕਾਰ ਸ਼ੈਕਸਪੀਅਰ ਸੀ।

## ਵਸਤੂ-ਨਿਸ਼ਠ ਪ੍ਰਸ਼ਨ-ਉੱਤਰ

ਪ੍ਰਸ਼ਨ:-'ਮਹਾਂਕਵੀ ਕਾਲੀਦਾਸ' ਲੇਖ ਕਿਸ ਦਾ ਲਿਖਿਆ ਹੋਇਆ ਹੈ?

ਉੱਤਰ:- ਪ੍ਰੋ.ਪਿਆਰਾ ਸਿੰਘ ਪਦਮ।

ਪ੍ਰਸ਼ਨ:-'ਲੋਕ ਜੋਬਨਵੰਤੀ ਸੁੰਦਰੀ ਨੂੰ ਕਿਸ ਨਾਮ ਨਾਲ ਬੁਲਾਉਂਦੇ ਹਨ?

ਉੱਤਰ:- ਕਵਿਤਾ।

ਪ੍ਰਸ਼ਨ:-'ਲੋਕਾਂ ਅਨੁਸਾਰ ਕਾਲੀਦਾਸ ਦੀ ਪ੍ਰੀਤਮਾ ਕੌਣ ਸੀ?

ਉੱਤਰ:- ਕਵਿਤਾ।

ਪ੍ਰਸ਼ਨ:-'ਕਾਲੀਦਾਸ' ਆਪਣੇ ਸਮੇਂ ਦਾ ਕੀ ਸੀ?

ਉੱਤਰ:- ਮਹਾਂਕਵੀ।

ਪ੍ਰਸ਼ਨ:-'ਕਾਲੀਦਾਸ' ਕਿਸ ਰਾਜਾ ਦੇ ਰਾਜ ਕਾਲ ਦੌਰਾਨ ਹੋਇਆ?

ਉੱਤਰ:- ਰਾਜਾ ਬਿਕ੍ਰਮਾਜੀਤ।

ਪ੍ਰਸ਼ਨ:-'ਰਘੂਵੰਸ਼' ਕਿਹੜੀ ਕਾਵਿ ਰਚਨਾ ਹੈ?

ਉੱਤਰ:- ਮਹਾਂਕਾਵਿ।

ਪ੍ਰਸ਼ਨ:-'ਸ਼ਿਵ ਜੀ' ਦੀ ਸਮਾਧੀ ਖੋਲ੍ਹਣ ਲਈ ਕੌਣ ਆਉਂਦਾ ਹੈ?

ਉੱਤਰ:- ਕਾਮਦੇਵ।

ਪ੍ਰਸ਼ਨ:- ਦੇਵਤਿਆਂ ਦਾ ਖਜਾਨਚੀ ਕੌਣ ਹੈ?

ਉੱਤਰ:- ਕੁਬੇਰ।

ਪ੍ਰਸ਼ਨ:-'ਉਰਵਸ਼ੀ' ਕਿਸਦੀ ਧੀ ਸੀ?

ਉੱਤਰ:- ਨਰਾਇਣ ਰਿਸੀ ਦੀ।

ਪ੍ਰਸ਼ਨ:-'ਕਾਲੀਦਾਸ' ਦੇ ਨਾਟਕਾਂ ਦਾ ਅੰਤ ਕਿਹੋ ਜਿਹਾ ਹੁੰਦਾ ਹੈ?

ਉੱਤਰ:- ਸੁਖਾਂਤਕ।

ਪ੍ਰਸ਼ਨ:-ਪੱਛਮ ਵਾਲੇ ਕਾਲੀਦਾਸ ਨੂੰ ਕੀ ਕਹਿੰਦੇ ਹਨ?

ਉੱਤਰ:- ਹਿੰਦੁਸਤਾਨ ਦਾ ਸ਼ੈਕਸਪੀਅਰ।

ਤਿਆਰ ਕਰਤਾ : ਕਮਲ ਨੈਨ ਸਿੰਘ,ਪੰਜਾਬੀ ਮਾਸਟਰ,
ਸ.ਮਿ.ਸਕੂਲ,ਬੂਆ ਨੰਗਲੀ,
ਜ਼ਿਲ੍ਹਾ ਅੰਮ੍ਰਿਤਸਰ।